ਹੈਲੋ ਮਾਪਿਓ, ਵਿਦਿਆਰਥੀਓ, ਸਟਾਫ ਅਤੇ ਕਮਿਊਨਿਟੀ ਦੇ ਮੈਂਬਰੋ। ਏ-ਸਵੇਇਲ (ਹੈਲੋ)।

ਅੱਜ 25 ਅਗਸਤ ਹੈ ਅਤੇ ਅੱਜ ਤੋਂ ਦੋ ਹਫਤਿਆਂ ਬਾਅਦ ਸਾਡੇ ਸਕੂਲ ਖੁੱਲ੍ਹ ਜਾਣਗੇ ਅਤੇ ਸਟਾਫ ਵਿਦਿਆਰਥੀਆਂ ਦਾ ਸਕੂਲਾਂ ਵਿੱਚ ਸਵਾਗਤ ਕਰਨ ਲਈ ਤਿਆਰੀ ਸ਼ੁਰੂ ਕਰ ਦੇਵੇਗਾ, ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਵਿਦਿਆਰਥੀ 10 ਸਤੰਬਰ ਨੂੰ ਸਕੂਲ ਆਉਣਾ ਸ਼ੁਰੂ ਕਰਨਗੇ। ਅੱਜ ਦਾ ਸੁਨੇਹਾ ਤੁਹਾਨੂੰ ਇਹ ਦੱਸਣ ਲਈ ਹੈ ਕਿ ਅੱਜ ਅਸੀਂ ਕਿੱਥੇ ਖੜ੍ਹੇ ਹਾਂ, ਤੁਸੀਂ ਸਕੂਲ ਖੁੱਲ੍ਹਣ ਦੇ ਪਹਿਲੇ ਹਫਤੇ ਦੌਰਾਨ ਕੀ ਉਮੀਦ ਕਰ ਸਕਦੇ ਹੋ ਅਤੇ ਅਸੀਂ ਕਿਸ ਤਰ੍ਹਾਂ ਦੀ ਵਿਉਤਬੰਦੀ ਕਰ ਰਹੇ ਹਾਂ।

ਸਭ ਤੋਂ ਪਹਿਲਾਂ, ਇਸ ਸਮੇਂ ਤਿੰਨ ਚੀਜ਼ਾਂ ਵਾਪਰ ਰਹੀਆਂ ਹਨ। ਅਸੀਂ ਆਪਣੀਆਂ ਪਲੈਨਾਂ ਐਜੂਕੇਸ਼ਨ ਦੀ ਮਨਿਸਟਰੀ ਕੋਲ ਭੇਜੀਆਂ ਹੋਈਆਂ ਹਨ, ਅਤੇ ਜਿਸ ਤਰ੍ਹਾਂ ਤੁਸੀਂ ਜਾਣਦੇ ਹੀ ਹੋ, ਸੈਕੰਡਰੀ ਸਕੂਲਾਂ ਲਈ ਗ੍ਰੇਡ 10-12 ਦੇ ਵਿਦਿਆਰਥੀਆਂ ਲਈ ਇਹ ਰਲਿਆ ਮਿਲਿਆ ਜਾਂ ਮਿਸ਼ਰਤ ਪ੍ਰੋਗਰਾਮ ਹੋਵੇਗਾ, ਜਿੱਥੇ ਤੁਹਾਡੀ ਇਕ ਕਲਾਸ ਸਵੇਰ ਨੂੰ ਹੋਵੇਗੀ ਅਤੇ ਦੁਪਹਿਰੋਂ ਬਾਅਦ ਤੁਹਾਡੀ ਆਨਲਾਈਨ ਅਤੇ ਆਹਮੋ-ਸਾਹਮਣੇ ਹੋ ਕੇ (ਫੇਸ ਟੂ ਫੇਸ) ਪੜ੍ਹਨ ਦੀ ਰਲੀ ਮਿਲੀ ਕਲਾਸ ਹੋਵੇਗੀ। ਗ੍ਰੇਡ ਅੱਠ ਅਤੇ ਨੌਂ ਦੇ ਵਿਦਿਆਰਥੀਆਂ ਲਈ ਦੋ ਕੋਰਸ ਹੋਣਗੇ ਪਰ ਤੁਸੀਂ ਹਫਤੇ ਦੇ ਪੰਜੇ ਦਿਨ ਫੁੱਲ ਟਾਇਮ ਸਕੂਲ ਵਿੱਚ ਹੋਵੋਗੇ। ਐਲੀਮੈਂਟਰੀ ਸਕੂਲਾਂ ਵਿੱਚ, ਸਾਡੀ ਪਲੈਨ ਵਿੱਚ ਸਾਰੇ ਵਿਦਿਆਰਥੀ ਸ਼ਾਮਲ ਹਨ, 100% ਵਿਦਿਆਰਥੀ 100% ਸਮੇਂ ਲਈ ਸਕੂਲ ਵਿੱਚ ਹਾਜ਼ਰ ਹੋਣਗੇ। ਸਪਸ਼ਟ ਹੈ ਕਿ ਸਮੂਹਾਂ ਦੀ ਬਣਤਰ ਸਾਡੇ ਲਈ ਇਕ ਵੱਡਾ ਮੁੱਦਾ ਹੈ। ਐਲੀਮੈਂਟਰੀ ਸਕੂਲਾਂ ਵਿੱਚ ਜਿੱਥੇ ਤੁਹਾਡੀ ਕਲਾਸ ਹੀ ਤੁਹਾਡਾ ਸਮੂਹ ਹੈ, ਇਹ ਮੁੱਦਾ ਕਾਫੀ ਸਿੱਧਾ ਸਾਦਾ ਹੈ। ਐਲੀਮੈਂਟਰੀ ਸਕੂਲਾਂ ਵਿੱਚ ਇਕ ਸਮੂਹ ਜਾਂ ਸਿੱਖਣ ਲਈ ਬਣੇ ਗਰੁੱਪ ਵਿੱਚ 60 ਤੱਕ ਦੀ ਗਿਣਤੀ ਹੋਣ ਦੀ ਆਗਿਆ ਹੈ, ਪਰ ਐਲੀਮੈਂਟਰੀ ਸਕੂਲਾਂ ਵਿੱਚ ਤੁਹਾਡੀਆਂ ਕਲਾਸਾਂ ਵਿੱਚ ਆਮ ਤੌਰ 'ਤੇ ਵਿਦਿਆਰਥੀਆਂ ਦੀ ਗਿਣਤੀ 30 ਤੋਂ ਘੱਟ ਹੁੰਦੀ ਹੈ ਅਤੇ ਕਈ ਵਾਰੀ ਤਾਂ 20 ਤੋਂ ਵੀ ਘੱਟ। ਇਸ ਲਈ ਇੱਥੇ ਮੁੱਦਾ ਸਕੂਲ ਵਿੱਚ ਵਿਦਿਆਰਥੀਆਂ ਦੀ ਆਵਾਜਾਈ ਅਤੇ ਉਸ ਦਾ ਪ੍ਰਬੰਧ ਕਰਨ ਬਾਰੇ ਹੈ। ਅਸੀਂ ਆਪਣੀਆਂ ਪਲੈਨਾਂ ਮਨਿਸਟਰੀ ਨੂੰ ਭੇਜੀਆਂ ਹੋਈਆਂ ਹਨ, ਅਤੇ ਸਾਨੂੰ ਪੂਰੀ ਆਸ ਹੈ ਕਿ ਉਹ ਪ੍ਰਵਾਨ ਹੋ ਜਾਣਗੀਆਂ ਅਤੇ ਫਿਰ ਅਸੀਂ ਸਾਰੀ ਵਿਸਤ੍ਰਿਤ ਜਾਣਕਾਰੀ ਜਨਤਕ ਕਰ ਦੇਵਾਂਗੇ।

ਮੈਂ ਕਿਹਾ ਹੈ ਕਿ ਤਿੰਨ ਚੀਜ਼ਾਂ ਵਾਪਰ ਰਹੀਆਂ ਹਨ। ਸਾਡੇ ਕੋਲ ਸਾਡਾ ਐਲੀਮੈਂਟਰੀ ਮਾਡਲ ਹੈ, ਸਾਡਾ ਸੈਕੰਡਰੀ ਮਾਡਲ ਹੈ ਅਤੇ ਅਸੀਂ ਸੱਚਮੁੱਚ ਹੀ ਆਪਣੇ ਆਲੇ ਦੁਆਲੇ ਦੀ ਕਮਿਊਨਿਟੀ ਦੀ ਅਵਾਜ਼ ਵੀ ਸੁਣੀ ਹੈ, ਜੋ ਇਸ ਤੋਂ ਕੁਝ ਵੱਖਰੇ ਦੀ ਆਸ ਕਰ ਰਹੀ ਹੈ। ਮਾਪਿਆਂ ਨੂੰ ਪੱਕਾ ਪਤਾ ਨਹੀਂ ਕਿ ਮੌਜੂਦਾ ਮਹਾਂਮਾਰੀ ਵਿੱਚ ਕੀ ਕਰਨਾ ਚਾਹੀਦਾ ਹੈ, ਅਤੇ ਸ਼ਾਇਦ ਉਹ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਬਾਰੇ ਦੁਚਿੱਤੀ ਵਿੱਚ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਘਰ ਵਿੱਚ ਪੜ੍ਹਾਈ ਬਾਰੇ ਜਾਂ ਮੁਕੰਮਲ ਤੌਰ 'ਤੇ ਲੰਬੇ ਸਮੇਂ ਦੀ ਪੜ੍ਹਾਈ (ਡਿਸਟ੍ਰਿਬਿਊਟਿਡ ਲਰਨਿੰਗ) ਬਾਰੇ ਸੋਚ ਰਹੇ ਹੋਣ। ਉਹ ਕਿਸੇ ਵਿਚਕਾਰਲੀ ਚੀਜ਼ ਨੂੰ ਲੱਭ ਰਹੇ ਹਨ। ਇਸ ਲਈ ਅਸੀਂ ਸਾਰੇ ਮਾਪਿਆਂ, ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਮਾਪਿਆਂ, ਨੂੰ ਇਕ ਸਰਵੇ ਭੇਜਿਆ ਹੈ, ਪਰ ਖਾਸ ਕਰ ਕੇ ਐਲੀਮੈਂਟਰੀ ਸਕੂਲਾਂ ਦੇ ਮਾਪਿਆਂ ਨੂੰ, ਅਤੇ ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਮਾਪੇ ਅਸਲ ਵਿੱਚ ਕੀ ਚਾਹੁੰਦੇ ਹਨ। ਕਿਉਂਕਿ ਸਾਡੇ ਲਈ ਸਾਰੇ ਲੋਕਾਂ ਲਈ ਸਭ ਕੁਝ ਬਣਨਾ ਅਸੰਭਵ ਹੈ, ਅਤੇ ਸਾਨੂੰ ਪਤਾ ਨਹੀਂ ਕਿ ਕੀ ਲੋਕ ਆਪਣੇ ਬੱਚੇ ਨੂੰ ਹਫਤੇ ਵਿੱਚ ਇਕ ਦਿਨ, ਹਫਤੇ ਵਿੱਚ ਦੋ ਦਿਨ ਸਕੂਲ ਭੇਜਣਾ ਚਾਹੁੰਦੇ ਹਨ, ਜਾਂ ਬਿਲਕੁਲ ਹੀ ਨਹੀਂ, ਜਾਂ ਉਹ ਅਗਲੇ ਛੇਆਂ ਜਾਂ ਅੱਠਾਂ ਮਹੀਨਿਆਂ ਦੌਰਾਨ ਸਕੂਲਾਂ ਵਿੱਚ ਆਉਣ ਦੇ ਸੰਬੰਧ ਵਿੱਚ ਕੁਝ ਵੀ ਨਹੀਂ ਕਰਨਾ ਚਾਹੁੰਦੇ। ਇਸ ਲਈ ਅਸੀਂ ਇਸ ਸਭ ਕੁਝ ਨੂੰ ਸਮਝਣਾ ਚਾਹੁੰਦੇ ਹਾਂ, ਅਤੇ ਸਾਡਾ ਯਕੀਨ ਹੈ ਕਿ ਅਸੀਂ ਇਹ ਕੁਝ ਸੁਣਿਆ ਹੈ। ਮਾਪੇ ਕੁੱਝ ਵੱਖਰਾ ਚਾਹੁੰਦੇ ਹਨ। ਉਹ ਆਪਣੇ ਗੁਆਂਢ ਦੇ ਸਕੂਲਾਂ ਨਾਲ ਜੁੜੇ ਰਹਿਣ ਦਾ ਕੋਈ ਢੰਗ ਲੱਭ ਰਹੇ ਹਨ, ਅਤੇ ਉਹ ਭਵਿੱਖ ਵਿੱਚ ਕਿਸੇ ਸਮੇਂ ਆਪਣੇ ਗੁਆਂਢ ਦੇ ਸਕੂਲ ਵਿੱਚ ਪਰਤਣ ਦੇ ਮੌਕੇ ਦੀ ਆਸ ਕਰ ਰਹੇ ਹਨ। ਸਾਨੂੰ ਪਤਾ ਹੈ ਕਿ ਬਾਹਰ ਹੋਰ ਮਾਡਲ ਹਨ, ਜਿਵੇਂ ਕੈਲਗਰੀ ਦੇ ਹੱਬ ਵਰਗੇ ਮਾਡਲ, ਜਿਹਨਾਂ ਨੂੰ ਅਸੀਂ ਦੇਖਿਆ ਹੈ ਅਤੇ ਅਸੀਂ ਕੈਲਗਰੀ ਨਾਲ ਸਿੱਧੀ ਗੱਲ ਕੀਤੀ ਹੈ, ਪਰ ਉਹ ਮਾਡਲ ਜ਼ਿਆਦਾ ਪ੍ਰਤੀਬੱਧਤਾ ਦੀ ਮੰਗ ਕਰਦੇ ਹਨ ਅਤੇ ਕੈਲਗਰੀ ਦੇ ਮਾਡਲ ਵਿੱਚ, ਉਦਾਹਰਨ ਲਈ ਦੁਬਾਰਾ ਦਾਖਲੇ ਦਾ ਸਿਰਫ ਇਕ ਹੀ ਪੜਾਅ ਹੈ, ਅਤੇ ਇਹ ਫਰਵਰੀ ਵਿੱਚ ਹੈ ਅਤੇ ਬੱਸ ਉਹ ਹੀ ਇਕ ਪੜਾਅ ਹੈ। ਇਸ ਤਰ੍ਹਾਂ ਇਹ ਇਕ ਬਹੁਤ ਵਧੀਆ ਮਾਡਲ ਹੈ, ਪਰ ਜ਼ਰੂਰੀ ਨਹੀਂ ਕਿ ਇਹ ਇਕ ਇਸ ਤਰ੍ਹਾਂ ਦੀ ਚੀਜ਼ ਹੈ ਜਿਹੜੀ ਅਸੀਂ ਲੈ ਕੇ ਸੌਖਿਆਂ ਹੀ ਸਰੀ ਵਿੱਚ ਲਾਗੂ ਕਰ ਸਕੀਏ। ਇਸ ਤਰ੍ਹਾਂ ਸਾਡੇ ਕੋਲ ਸਾਡਾ ਐਲੀਮੈਂਟਰੀ ਮਾਡਲ ਹੈ, ਸਾਡੇ ਕੋਲ ਸਾਡਾ ਸੈਕੰਡਰੀ ਮਾਡਲ ਹੈ ਅਤੇ ਸਾਡਾ ਸਰਵੇ ਹੈ, ਜਿਸ ਵਿੱਚ ਅਸੀਂ ਸੱਚਮੁੱਚ ਹੀ ਆਪਣੇ ਲੋਕਾਂ (ਪਬਲਿਕ) ਤੋਂ ਜਾਣਨਾ ਚਾਹੁੰਦੇ ਹਾਂ। ਜੇ ਅਸੀਂ ਕੋਈ ਚੀਜ਼ ਵੱਖਰੀ ਤਰ੍ਹਾਂ ਤਿਆਰ ਕਰਨੀ ਚਾਹੀਏ, ਤਾਂ ਤੁਸੀਂ ਕੀ ਚਾਹੁੰਦੇ ਹੋ? ਇਹ ਜਾਣਦੇ ਹੋਏ ਕਿ ਕਮਿਊਨਿਟੀ ਦੀਆਂ ਲੋੜਾਂ ਬਹੁਤ ਤਰ੍ਹਾਂ

ਦੀਆਂ ਹਨ, ਅਸੀਂ ਆਪਣੀਆਂ ਲੋੜਾਂ ਦੀ ਪੂਰਤੀ ਕਿਵੇਂ ਕਰਾਂਗੇ? ਇਸ ਲਈ ਕਿਰਪਾ ਕਰਕੇ ਸਰਵੇ ਦਾ ਧਿਆਨ ਰੱਖਿਓ ਅਤੇ ਇਸ ਨੂੰ ਜ਼ਰੂਰ ਭਰਿਓ, ਇਹ ਸਾਡੇ ਲਈ ਬਹੁਤ ਹੀ ਮਹੱਤਵਪੂਰਨ ਹੈ।

ਖੁੱਲ੍ਹਣ ਦੇ ਪਹਿਲੇ ਹਫਤੇ ਕੀ ਹੋਵੇਗਾ? ਜਿਵੇਂ ਤੁਸੀਂ ਜਾਣਦੇ ਹੀ ਹੋ, ਸਕੂਲਾਂ ਨੂੰ ਖੋਲ੍ਹਣ ਵਿੱਚ ਦੇਰ ਕਰ ਦਿੱਤੀ ਗਈ ਹੈ ਅਤੇ 8 ਅਤੇ 9 ਸਤੰਬਰ ਦੇ ਦਿਨ ਅਸਲ ਵਿੱਚ ਸਿਹਤ ਅਤੇ ਸੁਰੱਖਿਆ ਬਾਰੇ ਹਨ ਅਤੇ ਸਾਡੇ ਸਟਾਫ ਦੀ ਜਾਣਕਾਰੀ ਬਾਰੇ ਹਨ, ਅਤੇ ਫਿਰ ਵਿਦਿਆਰਥੀ 10 ਅਤੇ 11 ਸਤੰਬਰ ਨੂੰ ਆਉਣਾ ਸ਼ੁਰੂ ਕਰਨਗੇ। ਅਸੀਂ ਇਹ ਬਹੁਤ ਛੋਟੀ ਗਿਣਤੀ ਵਿੱਚ ਕਰਾਂਗੇ, ਕਿਉਂਕਿ ਨਿਰਸੰਦੇਹ ਅਸੀਂ ਸਮੂਹ ਨਹੀਂ ਬਣਾ ਸਕਦੇ ਅਤੇ ਅਸੀਂ ਵਿਦਿਆਰਥੀਆਂ ਨੂੰ 10 ਅਤੇ 11 ਸਤੰਬਰ ਨੂੰ ਕਲਾਸਾਂ ਵਿੱਚ ਨਹੀਂ ਲਿਆਉਣਾ ਚਾਹੁੰਦੇ। ਅਸੀਂ ਸੱਚਮੁੱਚ ਹੀ ਆਪਣੇ ਸਮੂਹਾਂ ਨੂੰ ਬਣਾਉਣ 'ਤੇ ਕੰਮ ਕਰਨਾ ਚਾਹੁੰਦੇ ਹਾਂ ਅਤੇ 14 ਸਤੰਬਰ ਤੱਕ ਪੂਰੀ ਤਰ੍ਹਾਂ ਕਾਰਜਸ਼ੀਲ ਹੋਣਾ ਚਾਹੁੰਦੇ ਹਾਂ।

ਇਸ ਲਈ ਇਕ ਵਾਰ ਫੇਰ, ਅਸੀਂ ਕਿੱਥੇ ਖੜ੍ਹੇ ਹਾਂ, ਇਸ ਬਾਰੇ ਤੁਹਾਡੇ ਲਈ ਜਾਣਕਾਰੀ। ਸਾਡੀਆਂ ਪਲੈਨਾਂ ਮਨਿਸਟਰੀ ਦੇ ਕੋਲ ਹਨ, ਸੈਕੰਡਰੀ ਸਕੂਲ ਟਾਇਮਟੇਬਲ ਬਣਾਉਣ ਲਈ ਜ਼ੋਰਸ਼ੋਰ ਨਾਲ ਕੰਮ ਕਰ ਰਹੇ ਹਨ, ਅਤੇ ਉਨ੍ਹਾਂ ਲਈ ਇਹ ਇਕ ਵੱਡਾ ਕੰਮ ਹੈ। ਸਾਡੇ ਪ੍ਰਿੰਸੀਪਲਾਂ ਅਤੇ ਉੱਪ-ਪ੍ਰਿੰਸੀਪਲਾਂ ਨੂੰ ਵੱਡੀ ਸ਼ਾਬਾਸ਼, ਉਹ ਇਹ ਸੱਭ ਕੁਝ ਕਰਨ ਲਈ ਅਤੇ ਚੰਗੀ ਤਰ੍ਹਾਂ ਕਰਨ ਲਈ ਤਾਂ ਕਿ ਇਹ ਸਾਰੇ ਬੱਚਿਆਂ ਲਈ ਕੰਮ ਕਰੇ, ਸੈਕੰਡਰੀ ਪੱਧਰ 'ਤੇ ਸਾਡੇ ਅਧਿਆਪਕਾਂ ਨਾਲ ਮਿਲ ਕੇ ਬਹੁਤ ਜ਼ਿਆਦਾ ਕੰਮ ਕਰ ਰਹੇ ਹਨ। ਤੁਸੀਂ ਛੇਤੀ ਹੀ ਮੇਰੇ ਵੱਲੋਂ ਦੁਬਾਰਾ ਸੁਣੋਗੇ। ਮੈਂ ਆਸ ਕਰਦਾ ਹਾਂ ਕਿ ਤੁਹਾਨੂੰ ਇਸ ਜਾਣਕਾਰੀ ਨੂੰ ਸੁਣਨ ਦਾ ਮੌਕਾ ਮਿਲੇਗਾ ਤਾਂ ਕਿ ਤੁਹਾਡੇ ਕੋਲ ਜਿੰਨੀ ਸੰਭਵ ਹੋ ਸਕਦੀ ਹੋਵੇ, ਉਨੀ ਜਾਣਕਾਰੀ ਹੋਵੇ।

ਹਮੇਸ਼ਾਂ ਵਾਂਗ ਆਪਣਾ ਖਿਆਲ ਰੱਖਿਓ, ਤੰਦਰੁਸਤ ਰਹਿਓ, ਹਾਇਚਕੇ, ਅਤੇ ਅਸੀਂ ਛੇਤੀ ਹੀ ਤੁਹਾਡੇ ਨਾਲ ਦੁਬਾਰਾ ਗੱਲ ਕਰਾਂਗੇ।